## ਸਾਧੂ ਬਿਨੁ ਨਾਹੀ ਦਰਵਾਰ

# ਢੂੰਢਤ ਡੋਲਹਿ ਅੰਧ ਗਤਿ ਅਰੁ ਚੀਨਤ ਨਾਹੀ ਸੰਤ ॥

ਕੁਝ ਲੋਕ ਪਰਮਾਤਮਾ ਨੂੰ ਖੋਜਣ ਦੀ ਅਭਿਲਾਖਾ ਕਰਦੇ ਹਨ ਪਰ ਕਿਉਂਕਿ ਉਹ ਭਗਤ ਜਾਂ ਸੰਤ ਜਨਾਂ ਦੇ ਅਧਿਪਤ ਨੂੰ ਨਹੀਂ ਸਵੀਕਾਰ ਕਰਦੇ, ਭਾਵ, ਆਪਣਾ ਮਾਲਕ ਸਵੀਕਾਰ ਨਹੀਂ ਕਰਦੇ, ਇਸ ਲਈ ਸਿਰਫ਼ ਅੰਨ੍ਹਿਆਂ ਵਾਂਗੂ ਟਟੋਲੇ ਹੀ ਮਾਰਦੇ ਹਨ।
('ਚੀਨਤ' ਸ਼ਬਦ ਬਹੁਪੱਖੀ ਅਰਥ ਰਖਦਾ ਹੈ। ਇਸ ਵਿਚ 'ਅਧਿਪਤ' ਸਵੀਕਾਰ ਕਰਨ ਦੇ ਨਾਲ-ਨਾਲ, ਮਿਲਾਪ ਕਰਨਾ ਜਾਂ ਇਕ-ਮਿਕ ਜਾਂ ਅਭੇਦ ਹੋ ਜਾਣਾ ਸ਼ਾਮਲ ਹਨ।)

Some people want and try to find God but as they don't recognise the suzerainty of (and oneness with) Saints, thus only grope in dark in futile.
(The word 'cheenat' in Gurbani includes many things. While accepting suzerainty of the Sadhu, one must become one with him or attain oneness with him.)

# ਕਹਿ ਨਾਮਾ ਕਿਉ ਪਾਈਐ ਬਿਨੁ ਭਗਤਹੁ ਭਗਵੰਤੁ ॥੨੪੧॥

ਭਗਤ ਨਾਮਦੇਵ ਜੀ ਫੁਰਮਾਣ ਕਰਦੇ ਹਨ ਕਿ ਅਜਿਹਾ ਕਿਵੇਂ ਹੋ ਸਕਦਾ ਹੈ ਕਿ ਭਗਤਾਂ ਦੀ ਵਿਚੋਲਗੀ/ਅਧੀਨਗੀ/ਕਿਰਪਾ ਤੋਂ ਬਿਨਾਂ ਭਗਵੰਤ ਭਾਵ ਪ੍ਰਭੂ ਮਿਲ ਜਾਵੇ ! ਭਾਵ ਇਹ ਗਲ ਸੰਭਵ ਨਹੀਂ ਹੈ। ਸ੍ਰੀ ਗੁਰੂ ਅਰਜਨ ਸਾਹਿਬ ਦਾ, ਪੰਨਾ ੯੫੭ ਤੇ ਵਾਕ ਹੈ – 'ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹਿ

ਕਾ ਬਸੀਠੁ।।', ਭਾਵ, ਵਿਛੜੇ ਮਨੁਖ ਨੂੰ, ਪਰਮਾਤਮਾ ਨਾਲ, ਵਿਚੋਲਾ ਹੀ ਮਿਲਾਉਂਦਾ ਹੈ। ਪੰਨਾ ੨੦੪ ਤੇ ਫੁਰਮਾਣ ਕਰਦੇ ਹਨ ਕਿ ਮੈਨੂੰ ਪ੍ਰਭੂ ਦੇ ਮਿਲਾਪ ਦੀ ਤਾਂਘ ਲਗੀ ਹੋਈ ਹੈ। ਮੈਂ ਪੈਰੀਂ ਪੈਂਦਾ ਤੇ ਬੇਨਤੀ ਕਰਦਾ ਹਾਂ ਕਿ ਇਸ ਕੰਮ ਲਈ ਮੈਨੂੰ ਕੋਈ ਸੰਤ ਮਿਲ ਪਵੇ... ਸੰਤ ਦੇ ਮਿਲਣ ਨਾਲ ਮੈਨੂੰ ਹਰੀ ਮਿਲ ਪਿਆ, ਜਿਸ ਨਾਲ ਮੇਰਾ ਸਾਰਾ ਹਨੇਰਾ ਮਿਟ ਗਿਆ। ਮੈਂ ਤਾਂ ਜਨਮਾਂ ਜਨਮਾਂ ਤੋਂ ਅਗਿਆਨਤਾ ਦੀ ਨੀਂਦ ਵਿਚੋਂ ਸੁਤੀ ਜਾਗ ਪਈ – 'ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ।। ਪਾਇ ਲਗਉ ਮੋਹਿ ਕਰਉ ਬੇਨਤੀ ਕੋਊ ਸੰਤੁ ਮਿਲੈ ਬਡਭਾਗੀ।।... ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ।।'

Bhagat Namdev ji questions, 'how is it possible to find God without mediation/grace of Saints!' It clearly shows that God can't be found without mediation of Saints. Guru Arjan Dev ji also supports this fact, when he says that it is the mediator or the Saint who make us meet God. (P.957) At page 204 also the Guru tells that he longs for oneness with God. For this purpose, I request that somebody makes me meet with some saint, with my great luck. With the company and blessing of that saint I have now met God. With the result, I have woken up out of ignorance of many ages.